# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ

ਵਾਤਾਵਰਣ ਭਵਨ, ਨਾਭਾ ਰੋਡ, ਮੁੱਖ ਦਫਤਰ, ਪਟਿਆਲਾ

ਨੰਬਰ ਸੀ:ਈ:ਈ:(ਹੈ:ਕੁ)/ਫ.ਨੰ:957/2016/59

ਮਿਤੀ 2/2/16

## ਦਫਤਰੀ ਹੁਕਮ

ਪੰਜਾਬ ਸਰਕਾਰ ਰਾਜ ਨੂੰ ਦੋਸਤਾਨਾ ਨਿਵੇਸ਼ ਸੂਬਾ ਬਨਾਉਣ ਵਾਸਤੇ ਕਦਮ ਚੁੱਕ ਰਹੀ ਹੈ ਅਤੇ ਇਸ ਵਾਸਤੇ ਕਾਰੋਬਾਰੀ ਵਾਤਾਵਰਣ ਸੁਧਾਰਨ ਲਈ ਰੈਗੂਲੇਟਰੀ ਸੁਧਾਰ ਕਰ ਰਹੀ ਹੈ। ਇਸ ਤੋਂ ਇਲਾਵਾ ਭਾਰਤ ਸਰਕਾਰ ਦੇ ਕਹਿਣ ਅਨੁਸਾਰ ਵਿਸ਼ਵ ਬੈਂਕ ਵਲੋਂ ਅਲੱਗ-ਅਲੱਗ ਪ੍ਰਾਂਤਾਂ ਵਲੋਂ ਸੁਧਾਰਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਦਾ ਜਾਇਜਾ ਲਿਆ ਗਿਆ ਅਤੇ ਇਸ ਵਿੱਚ ਪੰਜਾਬ ਰਾਜ ਕਾਰੋਬਾਰ ਸਥਾਪਿਤ ਕਰਨ ਦੀ ਸਹੂਲਤ ਵਿੱਚ ਸਾਰਿਆਂ ਸੂਬਿਆਂ ਵਿਚੋਂ ਪਹਿਲਾ ਸਥਾਨ ਤੇ ਰਿਹਾ ਹੈ। ਹਾਲ ਹੀ ਵਿੱਚ, ਮਿਤੀ 28, 29 ਅਕਤੂਬਰ, 2015 ਨੂੰ, ਪੰਜਾਬ ਸਰਕਾਰ ਵਲੋਂ ਕਰਵਾਏ ਗਏ ਨਿਵੇਸ਼ਕ ਸੰਮੇਲਨ ਦੌਰਾਨ ਇਹ ਫੈਸਲਾ ਕੀਤਾ ਗਿਆ ਕਿ ਨਿਵੇਸ਼ਕਾਂ ਵਿੱਚ ਪੰਜਾਬ ਰਾਜ ਪ੍ਰਤੀ ਵਿਸਵਾਸ਼ ਸਥਾਪਿਤ ਕਰਨ ਲਈ ਅਲੱਗ-ਅਲੱਗ ਕਾਰਜ / ਕਾਰਵਾਈਆਂ ਨੂੰ ਹੋਰ ਅਸਾਨ ਬਣਾਇਆ ਜਾਵੇ।

ਇਸ ਦਿਸ਼ਾ ਵਿੱਚ ਕਾਰੋਬਾਰ ਨੂੰ ਅਸਾਨ ਤਰੀਕੇ ਨਾਲ ਕਰਨ ਲਈ ਇੱਕ ਕਦਮ ਹੋਰ ਅੱਗੇ ਵਧਾਉਂਦੇ ਹੋਏ, ਸੰਤਰੀ ਅਤੇ ਹਰੀ ਕੈਟਾਗਰੀ ਅਧੀਨ ਸਨਅੱਤਾਂ ਨੂੰ ਆਟੋ ਰੀਨਿਊਲ ਕੰਨਸੈਂਟ ਟੂ ਅਸਟੈਬਲਿਸ਼ (ਐਨ.ਓ.ਸੀ) / ਕੰਨਸੈਂਟ ਟੂ ਓਪਰੇਟ ਜਾਰੀ ਕਰਨ ਸਬੰਧੀ ਮਾਮਲਾ ਬੋਰਡ ਦੀ 169ਵੀਂ ਮੀਟਿੰਗ ਜੋ ਕਿ ਮਿਤੀ 27/11/2015 ਨੂੰ ਹੋਈ, ਦੀ ਆਈਟਮ ਨੰਬਰ 169.10 ਰਾਹੀਂ ਵਿਚਾਰਿਆ ਗਿਆ ਅਤੇ ਬੋਰਡ ਵਲੋਂ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਹੈ:

"ਬੋਰਡ ਸੰਤਰੀ ਅਤੇ ਹਰੀ ਸ਼੍ਰੇਣੀ ਵਿੱਚ ਪੈਂਦੀਆਂ ਸਾਰੀਆਂ ਸਨਅੱਤਾਂ ਨੂੰ, ਸਬੰਧਤ ਸਨਅੱਤ ਦੇ ਮਾਲਕ/ਡਾਇਰੈਕਟਰ/ਮੈਨੇਜਿੰਗ ਪਾਰਟਨਰ ਵਲੋਂ ਲੜੀਂਦੇ ਸਵੈ-ਤਸਦੀਕ ਦਸਤਾਵੇਜ਼ਾਂ ਅਤੇ ਨਿਰਧਾਰਿਤ ਫੀਸ ਜਮ੍ਹਾਂ ਕਰਵਾਉਣ ਦੇ ਅਧਾਰ ਤੇ ਅਤੇ ਸਨਅੱਤ ਦਾ ਦੌਰਾ ਕੀਤੇ ਬਿਨ੍ਹਾਂ, 7 (ਸੱਤ) ਦਿਨਾਂ ਦੇ ਅੰਦਰ ਐਨ.ਓ.ਸੀ./ਕੰਨਸੈਂਟ ਦੀ ਮਿਆਦ ਵਿੱਚ ਵਾਧਾ ਕਰ ਦਿੱਤਾ ਜਾਵੇਗਾ। ਸਨਅੱਤ ਵਲੋਂ ਦਿੱਤੇ ਗਏ ਵੇਰਵੇ ਅਤੇ ਪ੍ਰਦੂਸ਼ਣ ਰੋਕਥਾਮ ਯੰਤਰਾਂ ਦੀ ਪੜਤਾਲ ਇੰਸਪੈਕਸ਼ਨ ਗਾਈਡਲਾਈਨਾਂ ਅਨੁਸਾਰ ਬਾਅਦ ਵਿੱਚ ਸਨਅੱਤ ਦਾ ਦੌਰਾ ਕਰਕੇ ਕੀਤੀ ਜਾਵੇਗੀ"

ਪੰਜਾਬ ਸਰਕਾਰ ਨੇ ਆਪਣੇ ਮੀਮੋ ਨੰਬਰ 10/32/2013-ਸਤਵ(4)/673456/1 ਮਿਤੀ 21/1/2016 ਰਾਹੀਂ ਪੀਪੀਸੀਬੀ ਵਲੋਂ ਆਪਣੇ ਪੱਤਰ ਨੰਬਰ EE(Mega)/2013/19650-19761 ਮਿਤੀ 30/4/2013 ਰਾਹੀਂ ਜਾਰੀ ਕੀਤੀ ਕੰਨਸੈਂਟ ਮੈਨੇਜਮੈਂਟ / ਅਥੋਰਾਈਜ਼ਨ ਸਬੰਧੀ ਪਾਲਿਸੀ ਵਿੱਚ ਉਕਤ ਅਨੁਸਾਰ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਚੇਅਰਮੈਨ

ਪਿੱਠ ਅੰਕਣ ਨੰਬਰ: ਸੀ:ਈ:ਈ:(ਹੈ:ਕੁ)/ਫ.ਨੰ:957/2016/6536 ਮਿਤੀ 2/2/16

ਉਪਰੋਕਤ ਦਾ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿਗਿਆਨ, ਤਕਨੀਕ ਅਤੇ ਵਾਤਾਵਰਣ ਵਿਭਾਗ, ਚੰਡੀਗੜ੍ਹ ਨੂੰ ਸਰਕਾਰ ਦੇ ਮੀਮੋ ਨੰਬਰ 10/32/2013-ਸਤਵ(4)/673456/1 ਮਿਤੀ 21/1/2016 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਮੈਂਬਰ ਸਕੱਤਰ

ਪਿੱਠ ਅੰਕਣ ਨੰਬਰ: ਸੀ:ਈ:ਈ:(ਹੈ:ਕੁ)/ਫ.ਨੰ:957/2016/6537 ਮਿਤੀ 2/2/16

ਉਪਰੋਕਤ ਦਾ ਉਤਾਰਾ ਕਮਿਸ਼ਨਰ-ਕਮ-ਡਾਇਰੈਕਟਰ, ਇੰਡਸਟ੍ਰੀਜ਼ ਐਂਡ ਕਾਮਰਸ ਵਿਭਾਗ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਮੈਂਬਰ ਸਕੱਤਰ

ਪਿੱਠ ਅੰਕਣ ਨੰਬਰ: ਸੀ:ਈ:ਈ:(ਹੈ:ਕੁ)/ਫ.ਨੰ:957/2016/6538 ਮਿਤੀ 2/2/16

ਉਪਰੋਕਤ ਦਾ ਉਤਾਰਾ ਮੁੱਖ ਕਾਰਜਕਾਰੀ ਅਫਸਰ, ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਮੈਂਬਰ ਸਕੱਤਰ

ਪਿੱਠ ਅੰਕਣ ਨੰਬਰ: ਸੀ:ਈ:ਈ:(ਹੈ:ਕੁ)/ਫ.ਨੰ:957/2016/6539-78 ਮਿਤੀ 2/2/16

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ:

1 ਮੁੱਖ ਵਾਤਾ: ਇੰਜੀ:, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ/PBIP/ਲੁਧਿਆਣਾ/ਜਲੰਧਰ।

2 ਸੀਨੀਅਰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਜੋਨਲ ਦਫਤਰ-1/2/ਪਟਿਆਲਾ/ਲੁਧਿਆਣਾ-1/2/ਜਲੰਧਰ/ਸ੍ਰੀ ਅੰਮ੍ਰਿਤਸਰ ਅਤੇ ਬਠਿੰਡਾ।

3 ਸੀਨੀਅਰ ਵਾਤਾ: ਇੰਜੀਨੀਅਰ (ਹੈ:ਕੁ-1/2/3), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

4 ਸੀਨੀਅਰ ਵਿਗਿਆਨਕ ਅਫਸਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

5 ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਪਟਿਆਲਾ/ਲੁਧਿਆਣਾ-1/2/3/4/ਜਲੰਧਰ/ਸ੍ਰੀ ਅੰਮ੍ਰਿਤਸਰ/ਹੁਸ਼ਿਆਰਪੁਰ/ਬਟਾਲਾ/ਸੰਗਰੂਰ/ਬਠਿੰਡਾ/ਫਰੀਦਕੋਟ/ ਸ੍ਰੀ ਫਤਹਿਗੜ੍ਹ ਸਾਹਿਬ/ਐਸ.ਏ.ਐਸ. ਨਗਰ।

6 ਵਾਤਾਵਰਣ ਇੰਜੀਨੀਅਰ (ਉਸਾਰੀ/ਸੀ.ਐਸ.ਏ/ਮੈਗਾ/SEIAA/SEAC), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

7 ਵਿਗਿਆਨਕ ਅਫਸਰ (ਹਵਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

8 ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

9 ਪ੍ਰਬੰਧਕੀ ਅਫਸਰ-1/2, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

10 ਡਿਪਟੀ ਡਾਇਰੈਕਟਰ (ਪੀ.ਆਰ)/ਸੀਨੀਅਰ ਕਾਨੂੰਨੀ ਅਫਸਰ-1/2, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

ਮੈਂਬਰ ਸਕੱਤਰ